# ਪ੍ਰਸ਼ਨ | ਉੱਤਰ

ਪ੍ਰ. ਵਿਆਕਰਨਿਕ ਇਕਾਈਆਂ ਤੋਂ ਕੀ ਭਾਵ ਹੈ? ਉਸ ਦੀ ਭਾਸ਼ਾ ਅਤੇ ਵੰਨਗੀਆਂ ਬਾਰੇ ਜਾਣਕਾਰੀ ਦਿਉ?

ਉ. ਭਾਸ਼ਾ ਦੀ ਬਣਤਰ ਅਤੇ ਕਾਰਜ ਵਿੱਚ ਸ਼ਾਮਿਲ ਤੱਤਾਂ ਦੀ ਵਿਸਤਰਿਤ ਜਾਣਕਾਰੀ ਵਿਆਕਰਨ ਵਿੱਚ ਸ਼ਾਮਿਲ ਹੁੰਦੀ ਹੈ। ਵਿਆਕਰਨਿਕ ਇਕਾਈਆਂ ਦੀ ਪਛਾਣ ਅਤੇ ਸਥਾਪਤੀ ਦਾ ਆਧਾਰ ਵਿਆਕਰਨਿਕ ਸ੍ਰੇਣੀਆਂ ਬਣਦੀਆਂ ਹਨ। ਇਕਾਈ ਅੰਗਰੇਜ਼ੀ ਭਾਸ਼ਾ ਦੇ ਸ਼ਬਦ "Unit" ਦਾ ਪੰਜਾਬੀ ਰੂਪ ਹੈ। ਇਕਾਈ ਦਾ ਭਾਵ ਭਾਸ਼ਾ ਦੇ ਵੱਖ-ਵੱਖ ਪੱਧਰਾਂ ਉੱਤੇ ਅੰਗਾਂ ਦਾ ਨਿਖੇੜ ਸੁਤੰਤਰ ਹੋਂਦ ਅਤੇ ਪਛਾਣ ਹੈ ਭਾਵ ਭਾਸ਼ਾ ਦਾ ਜਿਹੜਾ ਅੰਗ ਕਿਸੇ ਇੱਕ ਵਿਆਕਰਨਿਕ ਪੱਧਰ ਤੇ ਪਰਕਾਰਜ ਨੂੰ ਸੰਪੂਰਨ ਰੂਪ ਵਿੱਚ ਨਿਭਾਉਣ ਦੀ ਸਮਰੱਥਾ ਰੱਖਦਾ ਹੋਵੇ ਉਸ ਨੂੰ ਵਿਆਕਰਨਿਕ ਇਕਾਈ ਕਿਹਾ ਜਾਂਦਾ ਹੈ।

ਪੰਜਾਬੀ ਵਿੱਚ ਭਾਵੰਸ਼, ਸ਼ਬਦ, ਵਾਕੰਸ਼, ਉਪਵਾਕ ਤੇ ਵਾਕ ਭਾਸ਼ਾ ਦੀਆਂ ਵਿਆਕਰਨਿਕ ਇਕਾਈਆਂ ਹਨ ਇਹਨਾਂ ਦੇ ਵਿਆਕਰਨਿਕ ਅਰਥਾਂ ਦੀ ਪਛਾਣ ਇਹਨਾਂ ਦੇ ਵਿਆਕਰਨਿਕ ਅਰਥਾਂ ਦੀ ਪਛਾਣ ਇਹਨਾਂ ਦੇ ਵਿਆਕਰਨਿਕ ਕਾਰਜ ਅਤੇ ਵਿਆਕਰਨਿਕ ਬਣਤਰ ਰਾਹੀਂ ਹੀ ਹੁੰਦੀ ਹੈ। ਇਹ ਭਾਸ਼ਾ ਦੇ ਵਿਆਕਰਨਿਕ ਪ੍ਰਬੰਧ ਵਿੱਚ ਬੱਝੀਆਂ ਹੁੰਦੀਆਂ ਹਨ। ਇਸ ਪ੍ਰਬੰਧ ਅਧੀਨ ਸਾਰੀਆਂ ਇਕਾਈਆਂ ਦਾ ਆਪਸ ਵਿੱਚ ਲੜੀਤ ਤੇ ਰਚਨਾਤਮਕ ਸੰਬੰਧ ਹੁੰਦਾ ਹੈ। ਛੋਟੀਆਂ ਇਕਾਈਆਂ ਆਪਣੇ ਤੋਂ ਵੱਡੀਆਂ ਇਕਾਈਆਂ ਦੀ ਰਚਨਾ ਕਰਦੀਆਂ ਹਨ ਜਿਵੇਂ ਸ਼ਬਦਾਂ ਦੀ ਰਚਨਾ ਵਿੱਚ ਭਾਵੰਸ਼ ਕਾਰਜਸ਼ੀਲ ਹੁੰਦੇ ਹਨ ਜੋ ਅੱਗੋਂ ਵਾਕੰਸ਼ ਬਣਾਉਂਦੇ ਹਨ। ਵਾਕੰਸ਼ ਅੱਗੋਂ ਉਪਵਾਕ ਤੇ ਵਾਕ ਦੀ ਸਿਰਜਣਾ ਕਰਦੇ ਹਨ। ਇਹ ਸਾਰੀਆਂ ਵਿਆਕਰਨਿਕ ਇਕਾਈਆਂ ਆਪਸ ਵਿੱਚ ਅੰਤਰ ਸੰਬੰਧਿਤ ਹੁੰਦੀਆਂ ਹਨ।

→ ਵਿਆਕਰਨਿਕ ਵੰਨਗੀਆਂ :

1. ਭਾਵੰਸ਼ :- ਭਾਸ਼ਾ ਦੀ ਛੋਟੀ ਤੋਂ ਛੋਟੀ ਸਾਰਥਕ ਤੇ ਵਿਆਕਰ-

ਇਕ ਅਰਥਾਂ ਵਾਲੀ ਇਕਾਈ ਨੂੰ ਵਾਕੰਸ਼ ਕਿਹਾ ਜਾਂਦਾ ਹੈ। ਇਸ ਤੋਂ ਭਾਵ ਉਹ ਧੁਨੀ ਸਮੂਹ ਹੈ ਜਿਸ ਨੂੰ ਅੱਗੇ ਹੋਰ ਅਰਥ ਪੂਰਨ ਹਿੱਸਿਆਂ ਵਿੱਚ ਨਹੀਂ ਵੰਡਿਆਂ ਜਾ ਸਕਦਾ। ਇਹ ਧੁਨੀਆਂ ਦੇ ਜੋੜ ਨਾਲ ਬਣਦਾ ਹੈ। ਇਸ ਦਾ ਵਿਆਕਰਨਿਕ ਅਰਥ ਹੁੰਦਾ ਹੈ ਅਤੇ ਇਹ ਆਪਣੇ ਤੋਂ ਵੱਡੀਆਂ ਇਕਾਈਆਂ ਬਣਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ।

2. **ਸ਼ਬਦ:-** ਸ਼ਬਦ ਵਾਕ ਵਿੱਚ ਅਤੇ ਵਾਕ ਤੋਂ ਬਾਹਰ ਸੁਤੰਤਰ ਇੱਕ ਵਿਆਕਰਨਿਕ ਇਕਾਈ ਹੈ। ਹਰ ਸ਼ਬਦ ਇੱਕ ਵਿਆਕਰਨਿਕ ਕਾਰਜ ਦਾ ਧਾਰਨੀ ਹੁੰਦਾ ਹੈ ਜਿਸ ਦਾ ਸੰਬੰਧ ਭਾਸ਼ਾਂ ਦੇ ਰੂਪ ਅਤੇ ਅਰਥ ਨਾਲ ਹੁੰਦਾ ਹੈ। ਰੂਪ ਵਿਗਿਆਨਿਕ ਦ੍ਰਿਸ਼ਟੀ ਤੋਂ ਸ਼ਬਦ ਛੋਟੀ ਤੋਂ ਛੋਟੀ ਪਰ ਵਾਕੰਸ਼ ਤੋਂ ਵੱਡੀ ਸੁਤੰਤਰ ਅਰਥਾਂ ਦੀ ਵਰਤੋਂ ਵਾਲੀ ਭਾਸ਼ਿਕ ਇਕਾਈ ਹੈ। ਪੰਜਾਬੀ ਭਾਸ਼ਾ ਦੇ ਵਿਆਕਰਨ ਵਿੱਚ ਸ਼ਬਦ ਦੀ ਪ੍ਰਕਾਰ ਵੱਡ ਵਰਗਾਂ ਅਤੇ ਸ਼੍ਰੇਣੀਆਂ ਵਿੱਚ ਵੰਡ ਕੀਤੀ ਜਾਂਦੀ ਹੈ।

3. **ਵਾਕੰਸ਼:-** ਵਾਕੰਸ਼ ਵਾਕ ਦਾ ਅੰਗ ਜਾਂ ਅੰਸ਼ ਹੁੰਦਾ ਹੈ। ਇਹ ਸ਼ਬਦਾਂ ਦਾ ਉਹ ਸਾਰਥਕ ਸਮੂਹ ਹੈ ਜਿਸ ਦੀ ਵਾਕ ਵਾਂਗ ਸੁਤੰਤਰ ਹੋਂਦ ਨਹੀਂ ਹੁੰਦੀ ਪਰ ਵਾਕ ਦੇ ਹਿੱਸੇ ਵਜੋਂ ਇਹ ਸਾਰਥਕ ਹੁੰਦਾ ਹੈ ਇਕ ਵਾਕ ਦਾ ਇੱਕ ਹਿੱਸਾ ਹੁੰਦਾ ਹੈ, ਅੱਗੋਂ ਇਸ ਦੀਆਂ ਦੋ ਕਿਸਮਾਂ ਹੁੰਦੀਆਂ ਹਨ
→ ਨਾਂਵ-ਵਾਕੰਸ਼
→ ਕਿਰਿਆ ਵਾਕੰਸ਼

ਜਿਵੇਂ → ਕੁੜੀ ਨੱਚਦੀ ਹੈ।
ਨਾਂਵ ਵਾਕੰਸ਼ — ਕਿਰਿਆ ਵਾਕੰਸ਼

4. **ਉਪਵਾਕ:-** ਵਾਕ ਤੋਂ ਛੋਟੀ ਪਰ ਵਾਕ ਵਰਗੀ ਹੀ ਬਣਤਰ ਰੱਖਦੀ ਵਿਆਕਰਨਿਕ ਇਕਾਈ ਨੂੰ ਉਪਵਾਕ ਕਿਹਾ ਜਾਂਦਾ ਹੈ। ਵੱਖ-ਵੱਖ ਉਪਵਾਕ

ਮਿਲਕੇ ਮਿਸ਼ਰਤ ਤੇ ਸੰਯੁਕਤ ਵਾਕਾਂ ਦੀ ਰਚਨਾ ਕਰਦੇ ਹਨ। ਉਪਵਾਕ ਸੰਯੁਕਤ ਤੇ ਮਿਸ਼ਰਤ ਵਾਕ ਦਾ ਰਚਨਾਤਮਕ ਅੰਗ ਹੈ। ਸੰਯੁਕਤ ਵਾਕ ਵਿਚਲੇ ਉਪਵਾਕਾਂ ਵਿੱਚ ਵਾਕ ਦੇ ਮੁੱਖ-ਉਪਵਾਕ ਵਿੱਚ ਪੂਰਨ ਵਾਕ ਵਾਲੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਮਿਸ਼ਰਤ ਵਾਕ ਦੇ ਅਧੀਨ ਉਪਵਾਕ ਵਿਚ ਅਜਿਹਾ ਨਹੀਂ ਹੁੰਦਾ। ਸੰਯੁਕਤ ਵਾਕ ਵਿੱਚ ਜੁੜੇ ਸਾਰੇ ਉਪਵਾਕ ਵਾਕ ਦਾ ਦਰਜਾ ਰੱਖਦੇ ਹਨ ਜਦ ਕਿ ਮਿਸ਼ਰਤ ਵਾਕ ਵਿਚ ਇੱਕ ਮੁੱਖ-ਉਪਵਾਕ ਵਾਲੀਆਂ ਸੁਤੰਤਰ ਵਿਸ਼ੇਸ਼ਤਾਵਾਂ ਰੱਖਦੇ ਹਨ।

5.) ਵਾਕ:- ਵਾਕ ਭਾਸ਼ਾ ਦੀ ਵੱਡੀ ਤੋਂ ਵੱਡੀ ਇਕਾਈ ਹੈ। ਦਰਅਸਲ ਜਦ ਅਸੀ ਭਾਸ਼ਾਂ ਬੋਲਦੇ ਹਾਂ ਤਾਂ ਇੱਕ ਸ਼ਬਦ ਨਹੀਂ ਬੋਲਦੇ ਸਗੋਂ ਵਾਕ ਬੋਲਦੇ ਹਾਂ। ਭਾਸ਼ਾਂ ਦਾ ਸੰਪੂਰਨ ਅਰਥ ਸੰਚਾਰ ਕੇਵਲ ਵਾਕਾਂ ਰਾਹੀਂ ਹੁੰਦਾ ਹੈ। ਵਾਕ ਭਾਸ਼ਾਂ ਦੀ ਵੱਡੀ ਤੋਂ ਵੱਡੀ ਆਪਣੇ ਆਪ ਵਿਚ ਸੰਪੂਰਨ ਇਕਾਈ ਹੈ ਜੋ ਆਪਣੇ ਤੋਂ ਵਣੀ ਛੋਟੀਆਂ ਇਕਾਈਆਂ ਦੇ ਜੋੜ ਨਾਲ ਬਣੀ ਜਾਂਦੀ ਹੈ। ਵੱਡੀ ਤੋਂ ਵੱਡੀ ਇਕਾਈ ਹੋਣ ਕਰਕੇ ਇਹ ਅੱਗੋਂ ਕਿਸੇ ਹੋਰ ਇਕਾਈ ਦੀ ਰਚਨਾ ਨਹੀਂ ਕਰਦੀ ਸਗੋਂ ਖੁੱਦ ਰਚਿਤ ਹੁੰਦੀ ਹੈ।

ਸੋ ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਵਿਆਕਰਨਿਕ ਇਕਾਈਆਂ ਭਾਸ਼ਾਂ ਦੀ ਬਣਤਰ ਵਿਚ ਸ਼ਾਮਲ ਹੋ ਕੇ ਭਾਸ਼ਾ ਨੂੰ ਇੱਕ ਸਾਰਥਕ ਰੂਪ ਪ੍ਰਦਾਨ ਕਰਦੀਆਂ ਹਨ। ਇਹਨਾਂ ਇਕਾਈਆਂ ਤੋਂ ਬਿਨਾਂ ਭਾਸ਼ਾ ਲਿਖਤ ਵਿਚ ਸ਼ਾਮਲ ਨਹੀਂ ਹੋ ਸਕਦੀ।